# ** ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ ਵਿੱਚ ਹੋ ਰਹੀਆਂ ਮੰਨਮੱਤਾਂ।

ਕਿਸ਼ਤ ਨੰਬਰ 13

(ਲੜੀ ਜੋੜਨ ਲਈ ਕਿਸ਼ਤ ਨੰਬਰ 1, 2, 3, 4, 5, 6, 7, 8, 9, 10, 11, 12 ਪੜ੍ਹੋ ਜੀ।)

."ਗੁਰਮੱਤ" ਕਿਸੇ ਵੀ ਤਰਾਂ ਦੀਆਂ ਮਨੁੱਖੀ ਕਰਾਮਾਤਾਂ, ਚਮਤਕਾਰਾਂ, ਕਰਿਸ਼ਮਿਆਂ, ਜਾਦੂਈ-ਗੈਬੀ-ਸ਼ਕਤੀਆਂ ਨੂੰ ਨਕਾਰਦੀ ਹੈ, ਪ੍ਰਵਾਨ ਨਹੀਂ ਕਰਦੀ।

. ਮਨੁੱਖ ਦੀ ਸੋਚਣੀ ਦੇ ਮੁਤਾਬਿੱਕ, ਕੁੱਦਰਤੀ-ਕਰਿਸ਼ਮੇਂ ਨਹੀਂ ਵਾਪਰਦੇ, ਬਲਕਿ ਕੁੱਦਰਤ ਵਿੱਚ ਜੋ ਹੋ ਰਿਹਾ ਹੈ, ਉਹ ਸੁੱਤੇ-ਸਿੱਧ ਹੋ ਰਿਹਾ ਹੈ। ਜਦ ਤੱਕ ਮਨੁੱਖ ਨੂੰ ਕੁੱਦਰਤੀ ਵਰਤਾਰਿਆਂ ਦੀ ਜਾਣਕਾਰੀ ਨਹੀਂ ਸੀ, ਤੱਦ ਤੱਕ ਇਹ ਘਟਨਾਵਾਂ "ਕੁੱਦਰਤੀ-ਚਮਤਕਾਰ" ਸਨ।

. ਅੱਜ ਮਨੁੱਖ ਨੇ ਜਾਣ ਲਿਆ ਹੈ, ਕੁੱਦਰਤੀ-ਚੱਕਰ ਕਿਸ ਤਰਾਂ ਚੱਲਦਾ ਹੈ। ਸੋ ਕੁੱਦਰਤੀ ਘਟਨਾਵਾਂ ਤੋਂ ਮਨੁੱਖ ਡਰਦਾ ਨਹੀਂ, ਬਲਕਿ ਸਾਹਮਣਾ ਕਰਦਾ ਹੈ।

."**ਕਰਤੇ**-ਕਰਤਾਰ" ਦੀ ਸਾਜੀ 'ਕੁੱਦਰਤ', 'ਕੁੱਦਰਤ' ਵਿੱਚ ਵਿਚਰਦੇ ਜੀਵ-ਜੰਤੂ, ਪਸੂ-ਪੰਛੀਂ, ਪੇੜ-ਪੌਦੇ, ਜਾਨਵਰ ਅਤੇ ਮਨੁੱਖ, ਆਪਣੇ ਆਪ ਵਿੱਚ ਇੱਕ ਕਰਿਸ਼ਮਾ ਹੈ, ਚਮਤਕਾਰ ਹੈ, ਕਰਾਮਾਤ ਹੈ, ਇੱਕ ਨਾ ਸੁਲ਼ਝਾਈ ਜਾ ਸਕਣ ਵਾਲੀ ਪਹੇਲੀ ਹੈ, ਬੁਝਾਰਤ ਹੈ।

. ਇਸ ਬਣੀ ਬਣਤਰ, … ਸਾਜੀ ਰਚਨਾ ਬਾਰੇ, 'ਮਨੁੱਖ' ਦੀ ਮੱਤ, ਬੁੱਧ, ਅਕਲ, ਸੋਝੀ ਸਮਝ ਵਿੱਚ ਨਹੀਂ ਆ ਰਿਹਾ, . ਮਨੁੱਖ ਸਮਝਣ ਤੋਂ ਅਸੱਮਰਥ ਹੈ: ਕਿ

. ਕਿਉਂ? 'ਕਰਤੇ-ਕਰਤਾਰ' ਨੇ ਇਸ ਬ੍ਰਹਿਮੰਡ ਦੀ ਰਚਨਾ ਕੀਤੀ? ?

. ਕਿਉਂ? ਬ੍ਰਹਿਮੰਡ ਨੂੰ ਬਨਾਉਣਾ ਕੀਤਾ? ?

. ਕਿਉਂ? ਜੀਵਾਂ ਜੰਤੂਆਂ, ਪੇੜ ਪੌਦਿਆਂ ਪਸੂਆਂ ਪੰਛੂੀਆਂ ਜਾਨਵਰਾਂ ਮਨੁੱਖਾਂ ਨੂੰ ਬਨਾਉਣਾ ਕੀਤਾ. . ? ? ?

. ਮਨੁੱਖ ਪਾਸ ਇਹਨਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਹੈ। ਦਾਨਿਸ਼ਵਰਾਂ ਨੇ ਆਪਣੇ ਆਪਣੇ ਤਾਜ਼ੁਰਬੇ, ਅਕਲ ਦੇ ਅਨੁਸਾਰ ਕਿਆਸ ਆਰਾਈਆਂ ਕੀਤੀਆਂ ਹਨ, ਜੋ ਅਧੂਰੀਆਂ ਹਨ, 'ਸੱਚਾਈਆਂ' ਨਹੀਂ ਹਨ।

."ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ"। ਮ1॥ 3॥

. ਮਨੁੱਖ ਆਪਣੇ ਵਲੋਂ ਅੰਦਾਜ਼ੇ, ਕਿਆਸ ਅਰਾਈਆਂ ਬਹੁਤ ਲਾ ਰਿਹਾ ਹੈ, … ਪਰ … ਅੱਜ ਤੱਕ ਇਸ ਅਨੇਕਾਂ ਰੰਗਾਂ ਦੀ ਦੁਨੀਆਂ ਬਾਰੇ, ਅਨੇਕਾਂ ਤਰਾਂ ਦੀ ਰਚਨਾ ਬਾਰੇ, 'ਰਚਨਹਾਰ' ਦਾ ਭੇਦ ਨਹੀਂ ਪਾ ਸਕਿਆ।

. ਮਨੁੱਖ ਉਸ 'ਰਚਨਹਾਰ' ਬਾਰੇ ਜਾਨਣ ਦੀ ਲਾਲਸਾ ਰੱਖਦਾ ਹੈ, ਇਸ ਭੇਦ ਨੂੰ ਪਾਉਣਾ ਚਹੁੰਦਾ ਹੈ, ਪਰ ਮਨੁੱਖ ਦੀ ਪਹੁੰਚ ਵਿੱਚ ਨਹੀਂ ਆ ਰਿਹਾ। "ਤੂ ਬੇਅੰਤੁ ਕੋ ਵਿਰਲਾ ਜਾਣੈ॥" ਮ5॥ 562॥

. ਪ੍ਰਕਿਰਤੀ ਦੇ ਭੇਦਾਂ ਬਾਰੇ ਭਰਪੂਰ ਜਾਣਕਾਰੀ ਨਾ ਹੋਣ ਕਰਕੇ, ਪ੍ਰਕਿਰਤੀ ਬਾਰੇ ਅਗਿਆਨਤਾ ਹੋਣ ਕਰਕੇ, ਕੁਦਰੱਤੀ ਵਰਤਾਰੇ ਬਾਰੇ ਸੋਝੀ ਨਾ ਹੋਣ ਕਰਕੇ, ਮਨੁੱਖ ਨੇ ਸੂਰਜ ਅਤੇ ਚੰਦਰ ਗ੍ਰਹਿਣ ਨੂੰ ਰਾਹੂ ਅਤੇ ਕੇਤੂ ਦੀ ਪ੍ਰਕੋਪੀ ਮੰਨਣਾ ਕਰ ਲਿਆ ਸੀ। ਸੂਰਜ, ਧਰਤੀ, ਚੰਦਰਮਾ ਸਾਡੇ ਸੂਰਜੀ ਮੰਡਲ ਦੇ ਗ੍ਰਹਿ ਹਨ। 'ਸੂਰਜ' ਦੇ ਚੁੰਬਕੀ ਪ੍ਰਭਾਵ ਖੇਤਰ ਕਰਕੇ, 'ਧਰਤੀ' ਸੂਰਜ ਦੇ ਇੱਰਦ-ਗਿੱਰਦ ਚੱਕਰ ਕੱਟਦੀ ਹੈ। 'ਚੰਦਰਮਾ' ਧਰਤੀ ਦਾ ਉਪਗ੍ਰਹਿ ਹੈ। ਜੋ ਧਰਤੀ ਦੇ ਇੱਰਦ-ਗਿੱਰਦ ਚੱਕਰ ਕੱਢਣ ਦੇ ਨਾਲ ਨਾਲ ਸੂਰਜ ਦੇ ਵੀ ਦੁਆਲੇ ਚੱਕਰ ਕੱਢਦਾ ਹੈ। ਕਦੇ ਕਦੇ ਇਹ ਤਿੰਨੋਂ ਇੱਕ ਲਾਈਨ ਵਿੱਚ ਆ ਜਾਂਦੇ ਹਨ, ਤਾਂ 'ਧਰਤੀ' ਜਾਂ 'ਚੰਦਰਮਾ' ਦਾ ਪਰਛਾਵਾਂ ਇੱਕ ਦੂਜੇ ਉੱਪਰ ਆ ਜਾਂਦਾ ਹੈ। ਜਿਸਨੂੰ ਮਨੁੱਖੀ ਭਾਸ਼ਾ ਵਿੱਚ 'ਗ੍ਰਹਿਣ' ਕਿਹਾ ਜਾਂਦਾ ਹੈ।

. ਜਦ ਕੇ ਧਰਤੀ ਦੀ ਛਾਂ ਦਾ, ਚੰਦਰਮਾ ਉੱਪਰ ਆਉਣਾ, 'ਚੰਦਰ ਗ੍ਰਹਿਣ' ਹੈ। ਚੰਦਰ ਗ੍ਰਹਿਣ ਵਿਚ, 'ਧਰਤੀ' ਸੂਰਜ ਅਤੇ ਚੰਦਰਮਾ ਦੇ ਵਿਚਾਲੇ ਆ ਜਾਂਦੀ ਹੈ।

.'ਸੂਰਜ ਗ੍ਰਹਿਣ' ਦੇ ਸਮੇਂ, 'ਚੰਦਰਮਾ' ਧਰਤੀ ਅਤੇ ਸੂਰਜ ਦੇ ਵਿਚਕਾਰ ਆ ਜਾਂਦਾ ਹੈ। 'ਚੰਦਰਮਾ' ਦੇ ਧਰਤੀ ਅਤੇ ਸੂਰਜ ਦੇ ਵਿਚਕਾਰ ਆਉਣ ਕਰਕੇ ਸੂਰਜ ਦੀਆਂ ਕਿਰਨਾਂ ਦੀ ਰੌਸ਼ਨੀ ਧਰਤੀ ਉੱਪਰ ਨਹੀਂ ਆ ਪਾਉਂਦੀ। ਕਈ ਵਾਰ ਪੂਰਨ ਸੂਰਜ ਗ੍ਰਹਿਣ ਵਿੱਚ ਤਾਂ ਪੂਰਾ ਅੰਧੇਰਾ ਹੋ ਜਾਂਦਾ ਹੈ। ਪੰਛੀ ਆਪਣੇ ਆਹਲਣਿਆਂ ਨੂੰ ਵਾਪਸ ਪਰਤਣਾ ਸੁਰੂ ਕਰ ਦਿੰਦੇ ਹਨ।

. ਮਨੁੱਖ ਦੇ ਪਾਸ ਜਾਣਕਾਰੀ ਨਾ ਹੋਣ ਕਰਕੇ, ਇਹਨਾਂ ਗ੍ਰਹਿਣ ਵਾਲੀਆਂ ਸਥਿੱਤੀਆਂ ਨੂੰ, ਕਿਸੇ ਅਣਦਿੱਖ ਗ਼ੈਬੀ ਸਕਤੀ, ਕੁੱਦਰਤੀ ਸ਼ਕਤੀ ਦਾ ਪ੍ਰਭਾਵ ਮੰਨਣਾ ਸੁਰੂ ਕਰ ਦਿੱਤਾ ਗਿਆ ਸੀ। ਪਰ ਅਜੇਹਾ ਹੈ ਨਹੀਂ ਸੀ। ਅੱਜ ਸਾਇੰਸ ਨੇ ਸਾਰੇ ਭੇਦਾਂ ਤੋਂ ਪਰਦੇ ਚੁੱਕ ਦਿੱਤੇ ਹਨ। ਆਕਾਸ਼ੀ ਕਿਰਿਆਵਾਂ ਬਾਰੇ ਮਨੁੱਖ ਦੀ ਜਾਣਕਾਰੀ ਵਧੀ ਹੈ। ਭਰਮ ਭੁਲੇਖੇ ਦੂਰ ਹੋ ਰਹੇ ਹਨ। ਪੁਰਾਣੀਆਂ ਮਾਨਤਾਵਾਂ, ਪੁਰਾਣੇ ਵਿਸ਼ਵਾਸ ਟੁੱਟ ਕੇ ਚਕਨਾਚੂਰ ਹੋ ਰਹੇ ਹਨ।







. {{{ "ਗੁਰਮੱਤ-ਗਿਆਨ" ਵੀ ਮਨੁੱਖਤਾ ਲਈ ਇਸੇ ਤਰਾਂ ਦਾ ਰਾਹ ਦਸੇਰਾ ਗਿਆਨ ਹੈ, ਜੋ ਲੋਕਾਈ ਦੇ ਵਹਿਮ, ਭਰਮ, ਪਾਖੰਡ, ਭੁਲੇਖੇ, ਅਗਿਆਨਤਾ ਦੂਰ ਕਰਕੇ ਲੋਕਾਈ ਨੂੰ 'ਸਚਿਆਰਤਾ' ਵਾਲਾ ਰਾਹ ਵਿਖਾ ਰਿਹਾ ਹੈ।}}}

. ਧਰਤੀ ਵਿੱਚ ਭੁਚਾਲ ਆਉਣ ਕਰਕੇ ਸਮੁੰਦਰਾਂ ਵਿੱਚ ਸੁਨਾਮੀ ਲਹਿਰਾਂ ਬਣ ਜਾਂਦੀਆਂ ਹਨ। ਜਦ ਇਹ ਉਚੀਆਂ ਉਚੀਆਂ ਸਮੁੰਦਰੀ ਲਹਿਰਾਂ ਬਾਹਰ ਸਮੁੰਦਰੀ ਕਿਨਾਰਿਆਂ ਨਾਲ ਟਕਰਾਉਂਦੀਆਂ ਹਨ, ਤਾਂ ਬਹੁਤ ਤਬਾਹੀ ਲਿਆਉਂਦੀਆਂ ਹਨ। ਜਾਨ ਮਾਲ ਦਾ ਬਹੁਤ ਨੁਕਸਾਨ ਹੋ ਜਾਂਦਾ ਹੈ।



. ਠੀਕ ਇਸੇ ਤਰਾਂ ਤੇਜ਼ ਹਵਾਵਾਂ ਵੀ ਮਨੁੱਖੀ ਬਸਤੀਆਂ ਦਾ ਬਹੁਤ ਨੁਕਸਾਨ ਕਰਦੀਆਂ ਹਨ।

. ਕਦੇ ਬਹੁਤੀ ਬਾਰਸ਼/ਮੀਂਹ, ਹਨੇਰੀਆਂ, ਗੜ੍ਹੇ, ਤੂਫਾਨ ਵੀ ਨਦੀਆਂ, ਨਹਿਰਾਂ ਨਾਲਿਆਂ ਵਿੱਚ ਹੜ੍ਹ ਲੈ ਆਉਂਦੇ ਹਨ। ਮਨੁੱਖੀ ਬਸਤੀਆਂ ਵਿੱਚ ਪਾਣੀ ਭਰ ਜਾਂਦਾ ਹੈ।

. ਅਸਮਾਨੀ ਬਿਜਲੀ ਦਾ ਚਮਕਣਾ ਕੋਈ ਚਮਤਕਾਰ ਜਾਂ ਕਰਾਮਾਤ ਨਹੀਂ ਬਲਕਿ ਸੰਜੋਗ ਹੈ। ਸੂਰਜੀ ਧੁੱਪ ਕਰਕੇ ਸਮੁੰਦਰ ਵਿਚੋਂ ਪਾਣੀ ਭਾਫ ਬਣਕੇ ਉੱਡਦਾ ਰਹਿੰਦਾ ਹੈ। ਹਵਾ ਵਿੱਚ ਮਿੱਟੀ ਘਟੇ ਦੇ ਕਣ ਵੀ ਮੌਜੂਦ ਹੁੰਦੇ ਹਨ। ਸਮੁੰਦਰ ਵਿਚੋਂ ਭਾਫ ਬਣਕੇ ਉਡਿਆ ਪਾਣੀ ਬੱਦਲਾਂ ਦੀ ਸ਼ਕਲ ਵਿੱਚ ਆਕਾਸ਼ ਵਿੱਚ ਇਕੱਠੇ ਹੋ ਜਾਂਦਾ ਹੈ। ਬੱਦਲਾਂ ਦੀ ਆਪਸੀ ਰਗੜ ਕਰਕੇ ਬਿਜਲੀ ਕੇ ਐਟਮ, ਪਰੋਟੋਨਜ਼, ਈਲੈਕਟਰੋਨਜ਼, ਨਿਉਟਰੋਨਜ਼ ਤਿਆਰ ਹੋ ਜਾਂਦੇ ਹਨ। ਜਦ ਇਹ ਬਿਜਲੀ ਦੇ ਕਣਾਂ ਦੀ ਤਾਕਤ ਬਹੁਤ ਜਿਆਦਾ ਹੋ ਜਾਂਦੀ ਹੈ ਤਾਂ ਇਹ ਅਸਮਾਨ ਵਿੱਚ ਇਕੱਠੀ ਹੋਈ ਬਿਜਲੀ ਜ਼ਮੀਨ ਉੱਪਰ ਆ ਡਿੱਸਚਾਰਜ਼ ਹੁੰਦੀ ਹੈ। ਇਹ ਜ਼ਮੀਨ, ਸਾਡੀ ਧਰਤੀ ਇੱਕ ਗੱਡ ਕੰਟਡੰਕਟਰ ਹੈ। ਇਸ ਆਕਾਸ਼ੀ ਬਿਜਲੀ ਡਿੱਗਣ ਦੀ ਪ੍ਰਕਿਰਿਆ ਵਿੱਚ ਕੋਈ ਵੀ ਆਕਾਸ਼ੀ ਚਮਤਕਾਰ ਜਾਂ ਕਰਾਮਾਤ ਨਹੀਂ ਹੈ। ਮਹਿਜ ਇੱਕ ਸੰਜੋਗ ਹੈ।



. **ਠੀਕ** ਇਸੇ ਤਰਾਂ ਅਸਮਾਨ ਵਿੱਚ ਟੁੱਟਦੇ ਤਾਰੇ ਵੀ ਕੋਈ ਚਮਤਕਾਰ ਜਾਂ ਕਰਾਮਾਤ ਨਹੀਂ, ਬਲਕਿ ਕੁੱਦਰਤ ਦੇ ਬਣੇ-ਬਣਾਏ ਵਿੱਧੀ ਵਿਧਾਨ ਦੇ ਤਹਿਤ ਆਕਾਸ਼ ਵਿੱਚ ਤਾਰੇ ਆਪਣੀ ਜਗਹ ਤੋਂ ਟੁੱਟਦੇ ਰਹਿੰਦੇ ਹਨ ਅਤੇ ਆਕਾਸ਼ ਵਿੱਚ ਹੀ ਧਰਤੀ ਦੇ ਵਾਯੂ ਮੰਡਲ ਤੋਂ ਬਹੁਤ ਦੂਰ ਹੀ ਉਹਨਾਂ ਦਾ ਆਸਤਿਵ ਖਤਮ ਹੋ ਜਾਂਦਾ ਹੈ।



. ਇਹਨਾਂ ਉੱਪਰਲੀਆਂ ਕਿਰਿਆਵਾਂ ਵਿੱਚ ਕੋਈ ਵੀ **'ਈਸ਼ਵਰੀ-ਤਾਕਤ**, ਜਾਂ **"ਗ਼ੈਬੀ ਸ਼ਕਤੀ'** ਕੰਮ ਨਹੀਂ ਕਰਦੀ, ਬਲਕਿ ਬ੍ਰਹਿਮੰਡੀ ਤਾਰਿਆਂ ਦੀ ਖਿੱਚਾਂ, ਚੁੰਬਕੀ ਪ੍ਰਭਾਵ, ਗਰੁਤਾ-ਖਿੱਚ ਆਪਣਾ ਆਪਣਾ ਕੰਮ ਕਰਦੀਆਂ ਹਨ।

**. . ਇਹ ਸੱਭ ਕੁਦੱਰਤੀ ਬ੍ਰਹਿਮੰਡੀ ਸਿਸਟਿਮ, ਵਿਧੀ-ਵਿਧਾਨ ਦਾ ਹਿੱਸਾ ਹੈ। ਇਸ ਉੱਪਰ ਮਨੁੱਖ ਦਾ ਕੋਈ ਜ਼ੋਰ/ਵੱਸ ਨਹੀਂ ਚੱਲ ਸਕਦਾ। ਮਨੁੱਖ ਨੂੰ ਆਪਣੇ ਬਚਾਅ ਵਾਸਤੇ ਇਹਨਾਂ ਕੁੱਦਰਤੀ ਆਫਤਾਂ ਤੋਂ ਬਚਣ ਲਈ ਆਪਣੇ ਬਚਾਅ-ਸਾਧਨ ਬਨਾਉਣੇ, ਅਪਨਾਉਣੇ ਪੈਂਦੇ ਹਨ।**

**. ਇਹਨਾਂ ਸੱਭ ਕੁੱਦਰਤੀ ਤਾਕਤਾਂ ਤੋਂ ਇਲਾਵਾ ਮਨੁੱਖ ਨੇ 'ਕਰਤੇ/ਕਰਤਾਰ' ਦੀ ਸ਼ਕਤੀ ਦੇ ਬਾਰੇ ਵਿੱਚ ਬੜੇ ਭਰਮ-ਭੁਲੇਖੇ ਬਣਾ ਰੱਖੇ ਹਨ। 'ਕਰਤਾ/ਕਰਤਾਰ' ਬਹੁਤ ਸ਼ਕਤੀਸ਼ਾਲੀ ਹੈ। ਕਰਾਮਾਤੀ ਹੈ। ਚਮਤਕਾਰੀ ਹੈ।**

.'ਕਰਤਾ/ਕਰਤਾਰ' ਤਾਂ ਨਿਰ-ਆਕਾਰ ਹੈ। ਉਸ ਬਾਰੇ ਮਨੁੱਖ ਨੇ ਬਹੁਤ ਸਾਰੀਆਂ ਕਿਆਸ ਆਰਾਈਆਂ ਘੜ ਰੱਖੀਆਂ ਹਨ। ਨਿਰ-ਆਕਾਰ 'ਕਰਤਾਰ' ਤਾਂ ਸਰਬ ਵਿਆਪੱਕ ਹੈ।

. ਉਹ ਕਿਸੇ ਵੀ ਜੀਵ ਦੇ ਜੀਵਨ ਵਿੱਚ ਦਖ਼ਲ ਅੰਦਾਜ਼ੀ ਨਹੀਂ ਕਰਦਾ।

. ਉਹ ਕਿਸੇ ਵੀ ਜੀਵ ਦੇ ਸੁੱਖੀ ਦੁੱਖੀ ਹੋਣ ਨਾਲ ਸੁੱਖੀ-ਦੁੱਖੀ ਨਹੀਂ ਹੁੰਦਾ।

.'ਕਰਤਾ/ਕਰਤਾਰ' ਕਿਸੇ ਵੀ ਜੀਵ ਨੂੰ ਸ਼ਪੈਸਲ ਤਵੱਜੋਂ ਨਹੀਂ ਦਿੰਦਾ, **ਮਨੁੱਖ** ਉਸ ਲਈ ਕੋਈ ਖਾਸ ਜੀਵ ਨਹੀਂ ਹੈ।

. ਉਹ ਹਰ ਜੀਵ ਦੇ ਅੰਗ-ਸੰਗ ਹੈ। ਉਹ ਗੁਆਚਿਆ ਨਹੀਂ ਹੈ। ਉਸਨੂੰ ਲ਼ੱਭਣ ਦੀ ਲੋੜ ਨਹੀਂ। (ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ਰਹਾਉ॥ ਮ9॥ 684॥

**. ਮਨੁੱਖ 'ਜੇਰਜ਼' ਖਾਣੀ ਦਾ ਜੀਵ ਹੈ।**

. ਸਾਰਿਆਂ ਮਨੁੱਖਾਂ ਦੇ ਪੈਦਾ ਹੋਣ ਦਾ, ਜਨਮ ਲੈਣ ਦਾ ਤਰੀਕਾ/ਵਿੱਧੀ-ਵਿਧਾਨ ਇਕੋ ਹੀ ਹੈ। "ਜੈਸੇ ਮਾਤ ਪਿਤਾ ਬਿਨੁ ਬਾਲ ਨ ਹੋਈ"॥ ਮ3॥ 872॥" ਮਾ ਕੀ ਰਕਤੁ ਪਿਤਾ ਬਿਦੁ ਧਾਰਾ॥ ਮੂਰਤਿ ਸੂਰਤਿ ਕਰਿ ਆਪਾਰਾ॥ ਮ1॥ 1022॥ ਮਾਤਾ ਦੇ ਗਰਭ ਵਿਚੋਂ 270 ਦਿਨ ਬਾਅਦ ਬਾਹਰ ਆਉਣਾ। ਸਾਰੇ ਮਨੁੱਖਾਂ ਦੀ ਇੱਕੋ ਕੈਟਾਗਿਰੀ ਹੈ, **'ਮਨੁੱਖ'**।

. ਮਨੁੱਖਾ ਸੰਸਾਰ ਵਿੱਚ ਸੂਝਵਾਨ, ਦੂਰ-ਅੰਦੇਸ਼, ਬਿਬੇਕ-ਬੁੱਧੀ, ਲੋਕ ਭਲਾਈ ਦੇ ਕੰਮ ਅਤੇ ਸਮਾਜਿੱਕ ਸੁਧਾਰ ਕਰਨ ਵਾਲੇ 'ਬੁੱਧੀ-ਜੀਵੀ' ਮਨੁੱਖਾਂ ਨੂੰ ਆਮ ਲੋਕ ਆਪਣੀ ਆਪਣੀ ਭਾਸ਼ਾ ਵਿੱਚ **'ਵਲੀ, ਪੀਰ, ਪੈਗੰਬਰ, ਔਲੀਏ, ਅਵਤਾਰ, ਗੁਰੂ' ਕਹਿੰਦੇ ਨਜ਼ਰ ਆਉਂਦੇ ਹਨ।**

. ਸਾਰੇ ਵਲੀ, ਪੀਰ, ਪੈਗੰਬਰ, ਔਲੀਏ, ਅਵਤਾਰ, ਗੁਰੂ, **'ਮਨੁੱਖ-ਆਮ ਇਨਸਾਨ'** ਹੀ ਪੈਦਾ ਹੁੰਦੇ ਹਨ। ਪਰ, ਆਪਣੇ **ਗਿਆਨ, ਸਮਝ, ਬਿਬੇਕ, ਬੁੱਧ ਅਤੇ ਤਾਜ਼ੁਰਬੇ** ਕਰਕੇ, ਮਨੁੱਖਾ ਸਮਾਜ ਦੇ ਬਾਕੀ ਲੋਕਾਂ ਦੀ ਰਹਿਨੁਮਾਈ ਕਰਦੇ ਸਨ/ਹਨ। ਲੋਕ ਇਹਨਾਂ **'ਦਾਨਿਸ਼ਵਰਾਂ'** ਦੀਆਂ ਨੇਕ ਸਾਲਾਹਾਂ ਨੂੰ ਮੰਨਦੇ ਹਨ। ਇਹਨਾਂ ਦਾ ਆਦਰ-ਮਾਣ ਸਤਿਕਾਰ ਵੀ ਕਰਦੇ ਹਨ। ਆਪਣਾ ਆਗੂ ਰਾਹ-ਦਸੇਰਾ ਵੀ ਮੰਨਦੇ ਹਨ।

. ਮਨੁੱਖਾ ਸਮਾਜ ਦੇ ਅਲੱਗ ਅਲੱਗ ਮਜ਼ਹਬਾਂ-ਧਰਮਾਂ ਦੇ ਬਹੁਤੇ ਲੋਕ ਆਪਣੇ ਮਜ਼ਹਬ/ਧਰਮ ਦੇ ਇਹਨਾਂ **'ਦਾਨਿਸ਼ਵਰਾਂ'** ਨੂੰ **ਅਲੌਕਿਕ ਸ਼ਕਤੀਆਂ, ਰੱਬੀ ਸ਼ਕਤੀਆਂ, ਜਾਦੂਈ ਸ਼ਕਤੀਆਂ, ਗ਼ੈਬੀ ਸ਼ਕਤੀਆਂ** ਦਾ ਮਾਲਿਕ ਬਣਾ ਕੇ ਪੇਸ਼ ਕਰਦੇ ਹਨ। ਹਰ ਮਜ਼ਹਬ ਵਿੱਚ ਐਸੀਆਂ ਲਿਖਤਾਂ ਮੌਜੂਦ ਹਨ, ਜੋ ਇਹਨਾਂ **'ਰਹਿਬਰਾਂ'** ਨੂੰ ਐਸਾ ਕਰਾਮਾਤੀ ਵਿਖਾ ਰਹੀਆਂ ਹਨ, ਕਿ ਇਹ ਲੋਕ ਚਮਤਕਾਰ ਕਰ ਸਕਦੇ ਸਨ। ਇਹਨਾਂ **ਵਲੀਆਂ, ਪੀਰਾਂ, ਪੈਗੰਬਰਾਂ, ਔਲੀਆਂਵਾਂ, ਅਵਤਾਰਾਂ, ਗੁਰਆਂ, ਵਿੱਚ ਕਰਾਮਾਤਾਂ ਸਨ/ਹਨ।**

**. ਜੋ ਸਰਾਸਰ ਝੂਠ ਹੈ।**

**. ਮਨੁੱਖ ਦੇ ਪਾਸ ਐਸੀ ਕੋਈ ਜਾਦੂਈ ਸ਼ਕਤੀ ਨਹੀਂ ਹੈ।**

**. ਜੈਸਾ ਕਿ ਮਨੁੱਖਾ ਸਮਾਜ ਵਿੱਚ ਵਿਖਾਇਆ ਜਾ ਰਿਹਾ ਹੈ,**

**. ਸੋਚਿਆ ਸਮਝਿਆ ਜਾ ਰਿਹਾ ਹੈ,**

**. ਬਹੁਤ ਸਾਰੇ ਲੋਕ ਅਜੇਹਾ ਮੰਨਦੇ ਹਨ, ਵਿਸ਼ਵਾਸ ਕਰਦੇ ਹਨ, . . .**

**."ਖੁੱਲ ਜਾ. . ਸਿਮ ਸਿਮ"। ਸਿਰਫ ਏਨਾਂ ਹੀ ਕਹਿਣ ਨਾਲ ਬਹੁਤ ਵੱਡਾ ਪਹਾੜੀ ਦਰਵਾਜ਼ਾ ਆਪਣੇ ਆਪ ਖੁੱਲ ਜਾਂਦਾ ਹੈ।**

**. ਸਨਾਤਨ ਮੱਤ ਤਾਂ ਇਹਨਾਂ ਜਾਦੂਈ, ਕਰਾਮਾਤੀ ਕਹਾਣੀਆਂ ਨਾਲ ਭਰਿਆ ਪਿਆ ਹੈ।**

**. ਹਵਾ ਨਾਲ ਬੱਚੇ ਪੈਦਾ ਹੋ ਰਹੇ।**

**. ਸਿਰ ਵਿਚੋਂ ਪਾਣੀ ਕੱਢਿਆ ਜਾ ਰਿਹਾ ਹੈ।**

**. ਸਮੁੰਦਰ ਦੇ ਪਾਣੀ ਨੂੰ ਪੀਤਾ ਜਾ ਰਿਹਾ ਹੈ।**

**. ਸੂਰਜ ਨੂੰ ਨਿਗਲਿਆ ਜਾ ਰਿਹਾ ਹੈ।**

**. ਇਸਲਾਮ ਮੱਤ ਕਿਆਮੱਤ ਦਾ ਦਿਨ ਆਉਣ ਦੀ ਉਡੀਕ ਵਿੱਚ ਬੈਠਾ ਹੈ।**

**. ਕਰਿਸਚੀਅਨ ਮੱਤ ਆਪਣੇ ਪੈਗੰਬਰ ਦੇ ਆਉਣ ਦੀ ਉਡੀਕ ਕਰ ਰਿਹਾ ਹੈ।**

**. ਸਿੱਖ ਸਮਾਜ ਵਿੱਚ ਵੀ ਅਜੇਹੀਆਂ ਬਿਨਾਂ ਸਿਰ ਪੈਰ ਦੀਆਂ ਅਲੌਕਿਕ, ਚਮਤਕਾਰੀ, ਕਰਾਮਾਤੀ ਕਥਾ ਕਹਾਣੀਆਂ ਦੀ ਭਰਮਾਰ ਹੈ। ਜੋ ਅਗਿਆਨਤਾ ਕਰਕੇ ਅੱਜ ਵੀ ਸਿੱਖ ਸਮਾਜ ਦੇ ਪ੍ਰਚਾਰ ਪ੍ਰਸਾਰ ਦਾ ਹਿੱਸਾ ਬਣੀਆਂ ਹੋਈਆਂ ਹਨ।**

**. ਸੰਸਾਰ ਦੇ ਸਾਰੇ ਮਜ਼ਹਬਾਂ ਵਿੱਚ ਐਸੀਆਂ-ਐਸੀਆਂ ਕਥਾ-ਕਹਾਣੀਆਂ ਬਣਾਈਆਂ ਗਈਆਂ ਹਨ। ਜੋ 'ਸੱਚਾਈ' ਨਹੀਂ ਹੈ। ਸੱਚਾਈ ਦੇ ਨੇੜੇ ਤੇੜੇ ਵੀ ਨਹੀਂ ਹਨ। ਅਗਿਆਨਤਾ ਕਰਕੇ ਮਨੁੱਖੀ ਸੰਸਾਰ, ਇਹਨਾਂ ਕਰਾਮਾਤਾਂ, ਚਮਤਕਾਰਾਂ ਵਿੱਚ ਆਪਣਾ ਵਿਸ਼ਵਾਸ ਬਣਾਈ ਬੈਠਾ ਹੈ, ਕਿ ਐਸਾ ਹੁੰਦਾ ਹ।**

. ਇਹਨਾਂ **ਵਲੀਆਂ, ਪੀਰਾਂ, ਪੈਗੰਬਰਾਂ, ਔਲੀਆਂਵਾਂ, ਅਵਤਾਰਾਂ, ਗੁਰਆੂਂ,** ਦੇ ਪੈਰੋਕਾਰਾਂ ਦਾ ਵਿਸ਼ਵਾਸ ਹੈ ਕਿ ਇਹਨਾਂ ਲੋਕਾਂ ਦੇ ਪਾਸ ਗ਼ੈਬੀ ਸ਼ਕਤੀਆਂ ਹੁੰਦੀਆਂ ਹਨ, ਜੋ ਕੁੱਝ ਵੀ ਕਰ ਸਕਦੀਆਂ ਹਨ, ਕੁੱਝ ਵੀ ਬਦਲ ਸਕਦੀਆਂ ਹਨ। ਲੋਕਾਂ ਦੀਆਂ ਇੱਛਿਆਵਾਂ ਦੀ ਪੂਰਤੀ ਵੀ ਇਹ **'ਦਾਨਿਸ਼ਵਰ'** ਕਰ ਸਕਦੇ ਹਨ।

**. ਹਜ਼ਾਰਾਂ ਸਾਲ ਪਹਿਲਾਂ ਜਦ ਮਨੁੱਖ ਦੇ ਪਾਸ ਏਨੀ ਸਿਆਣਪ, ਦੂਰ ਅੰਦੇਸ਼ੀ ਨਹੀਂ ਸੀ, ਉਸ ਵਕਤ ਹੀ ਐਸੇ ਭਰਮ-ਭੁਲੇਖੇ, ਵਹਿਮ ਬਣੇ ਸਨ, ਕਿ ਕੋਈ ਬਾਹਰਲੀਆਂ ਗ਼ੈਬੀ ਸ਼ਕਤੀਆਂ ਮਨੁੱਖ ਨੂੰ ਪ੍ਰਭਾਵਤ ਕਰਦੀਆਂ ਹਨ। ਮਨੁੱਖ ਨੂੰ ਡਰਾਉਂਦੀਆਂ ਹਨ। ਡਰਦੇ ਮਨੁੱਖ ਨੇ ਹਾਰ ਮੰਨ ਲਈ।**

***** ਮਨੁੱਖਾ ਸੰਸਾਰ ਵਿੱਚ ਮਨੁੱਖ ਨੇ ਆਪਣੀ ਅਕਲ ਮੱਤ ਬੁੱਧ ਨਾਲ ਬਹੁੱਤ ਤਰੱਕੀ ਕਰ ਲਈ ਹੈ।

. ਕੀ ਇਹ ਚਮਤਕਾਰ ਨਹੀਂ? ? ? ?

. ਕਿ ਮਨੁੱਖ ਨੇ ਆਪਣੀ ਦੂਰ-ਅੰਦੇਸ਼ੀ, ਸਿਆਣਪ, ਅਕਲ, ਮੱਤ, ਬੁੱਧ ਨਾਲ ਨਵੀਆਂ ਨਵੀਆਂ ਇਜ਼ਾਦਾਂ, ਖੋਜ਼ਾਂ, ਤਰੱਕੀਆਂ ਕੀਤੀਆਂ, ਜਿਹਨਾਂ ਬਾਰੇ 500 ਸਾਲ ਪਹਿਲਾਂ ਸੋਚਿਆ ਵੀ ਨਹੀਂ ਜਾ ਸਕਦਾ ਸੀ। ਮਨੁੱਖ, 'ਪੰਛੀ' ਨਾ ਹੁੰਦੇ ਹੋਏ ਵੀ ਆਕਾਸ਼ ਵਿੱਚ ਉੱਡ ਰਿਹਾ ਹੈ। ਇਹ ਚਮਤਕਾਰ/ਕਰਾਮਾਤ ਨਹੀਂ? ?

**. ਮਨੁੱਖ ਦਾ ਮਿਹਨਤ, ਲਗਨ, ਜਾਨੂੰਨ, ਸਿਦਕ ਨਾਲ ਕਿਸੇ ਵਸਤੂ ਦੀ ਤਹਿ ਤੱਕ ਜਾ ਕੇ ਜਾਣਕਾਰੀ ਲੈਣਾ ਹੀ 'ਕਰਾਮਾਤ', 'ਚਮਤਕਾਰ' ਹੈ, 'ਜਾਦੂ', ਕਰਿਸ਼ਮਾ ਹੈ।**

. ਐਸਾ ਹੀ ਵਿਸਵਾਸ਼ **'ਦਰਬਾਰ ਸਾਹਿਬ'** ਦੇ ਬਾਹਰ ਦਰਸਨੀ ਡਿਉਡੀ ਦਰਵਾਜ਼ੇ ਦੇ ਖੱਬੇ ਪਾਸੇ ਸੋਨੇ ਦੇ ਪੱਤੇ ਉੱਪਰ ਲਿਖਿਆ ਮਿਲਦਾ ਹੈ।

."ੴ ਸ੍ਰੀ ਹਰਿਮੰਦ੍ਰ ਸਾਹਿਬ ਜੀ ਵਿੱਚ ਕੁੱਦਰਤੀ ਚਮਤਕਾਰ"।

.'ਗੁਰਮੱਤ' ਸਿਧਾਂਤ, 'ਗੁਰਬਾਣੀ-ਗਿਆਨ' ਕਿਸੇ ਵੀ ਕੁੱਦਰਤੀ-ਚਮਤਕਾਰ, ਕਰਾਮਾਤ, ਕਰਿਸ਼ਮੇਂ ਨੂੰ ਮਾਨਤਾ ਨਹੀਂ ਦਿੰਦੇ। ਇਹ ਜਿਆਦਾ ਸ਼ਰਧਾਨਵਾਨ ਸਿੱਖਾਂ ਦੇ ਆਪਣੇ ਮਨਾਂ ਦੇ ਭੁਲੇਖੇ ਹਨ, ਜੋ ਆਪਣੇ ਧਾਰਮਿੱਕ ਸਥਾਨ ਨੂੰ ਦੁਨੀਆਂ ਵਿੱਚ ਵੱਧ ਅਹਿਮੀਅਤ ਵਾਲਾ ਦਿਖਾਉਣਾ ਚਹੁੰਦੇ ਸਨ।



. ਪਰ ਸਿੱਖ ਸਮਾਜ ਵਿੱਚ ਪੁਜਾਰੀਆਂ/ਗਰੰਥੀਆਂ ਵਲੋਂ ਇਸ ਅੰਧ-ਵਿਸ਼ਵਾਸ, ਬ੍ਰਾਹਮਣੀ ਕਰਮਕਾਂਡਾਂ ਨੂੰ ਪਰੋਮੋਟ ਕੀਤਾ ਜਾ ਰਿਹਾ ਹੈ। ਸ਼ਰੇਆਮ ਸਿੱਖੀ ਅਸੂਲ਼ਾਂ, ਸਿਧਾਂਤਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

. ਪੁਜਾਰੀ ਨੇ ਆਪਣੇ ਬਣਾਏ ਨਕਲੀ 'ਰੱਬ' ਦੀਆਂ ਤਾਰੀਫਾਂ ਕਰ ਕਰ ਕੇ ਲੋਕਾਈ ਨੂੰ ਭਰਮ ਜਾਲ ਵਿੱਚ ਫਸਾ ਰੱਖਿਆ ਹੈ।

. ਉੱਪਰਲੀ ਤਸਵੀਰ ਵਿੱਚ ਕੁੱਦਰਤੀ-ਚਮਤਕਾਰ ਬਾਰੇ, ਪੜ੍ਹਕੇ ਮਨ ਵਿੱਚ ਬਹੁਤ ਸਵਾਲ ਉਠਦੇ ਹਨ।

1। ਮਨੁੱਖਾ ਸਮਾਜ ਵਿੱਚ 'ਸਿੱਖ-ਸਮਾਜ' ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਵੀ ਕਿੰਨ੍ਹੇ ਅਲੱਗ ਅਲੱਗ ਮਜ਼ਹਬਾਂ/ਧਰਮਾਂ ਦੇ ਲੋਕਾਂ ਨੇ ਆਪਣੇ-ਆਪਣੇ ਧਰਮ ਅਸਥਾਨ ਬਣਾਏ ਹੋਏ ਹਨ।
2। ਕੀ ਉਹਨਾਂ ਵਿੱਚ ਵੀ ਅਜੇਹੇ 'ਕੁਦੱਰਤੀ ਚਮਤਕਾਰ' ਹੋਏ ਹੋਣਗੇ? ? ?
3। ਇੱਥੇ ਅੰਮ੍ਰਿਤਸਰ ਵਿੱਚ ਹੀ ਅਜੇਹਾ ਕਿਉਂ ਵਾਪਰਿਆ. . ? ?
4। ਕੀ ਐਸਾ ਹੋ ਸਕਦਾ ਹੈ, ਕਿ 'ਨਿਰ-ਆਕਾਰ ਕਰਤਾਰ' ਦਾ ਇਸ 'ਜਗਹ' ਨਾਲ ਜਿਆਦਾ ਹੀ ਲਗਾਉ ਸੀ/ਹੈ. . ? ?
5। ਕੀ 'ਨਿਰ-ਆਕਾਰ ਕਰਤਾਰ' ਦਾ ਸਿੱਖਾਂ ਨਾਲ ਖਾਸ/ਜਿਆਦਾ ਲਗਾਉ ਸੀ/ਹੈ. . ? ?
6। ਜਾਂ ਇਸ 'ਕੁਦੱਰਤੀ ਚਮਤਕਾਰ' ਬਾਰੇ ਸਾਡੇ ਹੀ ਕੁੱਝ ਲੋਕਾਂ ਵਲੋਂ ਗਲ ਉਡਾਈ ਗਈ ਹੈ. . ? ?
7। ਕੀ ਐਸਾ ਹੋ ਸਕਦਾ ਹੈ. . ? ?
8। ਕੁੱਦਰਤੀ ਵਿਧੀ-ਵਿਧਾਨ ਦੇ ਤਹਿਤ ਤਾਂ 'ਨਾ-ਮੁਮਕਿੰਨ' ਹੈ।
9। 'ਨਿਰਆਕਾਰ' ਦਾ ਅਕਾਲ-ਪੁਰਖੀ ਵਿਧੀ-ਵਿਧਾਨ, ਬਾਕੀ ਸ਼੍ਰੇਣੀਆਂ ਦੇ ਜੀਵਾਂ ਨਾਲ ਐਸਾ ਵਿਤਕਰਾ ਤਾਂ ਨਹੀਂ ਕਰ ਸਕਦਾ. . ? ?

** ਸਿੱਖ ਸਮਾਜ ਵਿੱਚ ਐਸਾ ਮੰਨਿਆ ਜਾ ਰਿਹਾ ਹੈ। ਦਰਬਾਰ ਸਾਹਿਬ ਵਿੱਚ ਕਰਾਮਾਤਾਂ ਹੁੰਦੀਆਂ ਹਨ। ਇਥੋਂ ਦੇ 'ਪਾਣੀ' ਵਿੱਚ ਵੀ ਕਰਾਮਾਤ ਹੈ। ਇਥੋਂ ਦੀਆਂ 'ਬੇਰੀਆਂ' ਵੀ ਲੋਕਾਈ ਦੇ ਦੁੱਖ ਦੂਰ ਕਰਦੀਆਂ ਹਨ।

. ਕੀ 'ਗੁਰਮੱਤ ਗੁਰਬਾਣੀ ਗਿਆਨ' ਸਾਨੂੰ ਸਿੱਖਾਂ ਨੂੰ ਅਜੇਹਿਆਂ ਅੰਧ-ਵਿਸ਼ਵਾਸ ਦੀਆਂ ਉੱਝੜ ਰਾਹਾਂ ਉੱਪਰ ਤੋਰ ਰਿਹਾ ਹੈ,

- ਜਿਸ ਵਿੱਚ ਘੁੰਣਘੇਰੀਆਂ ਹੀ ਹਨ,
- ਫੋਕੀਆਂ ਮਾਨਤਾਵਾਂ ਹਨ,
- ਕੁੱਦਰਤੀ ਵਿਧੀ-ਵਿਧਾਨ ਦੇ ਉੱਲਟ ਕਥਾਂ-ਕਹਾਣੀਆਂ ਵਿਸ਼ਵਾਸ ਹਨ,
- ਕਰਾਮਾਤਾਂ ਹਨ,
- ਚਮਤਕਾਰ ਹਨ,
- ਕਰਿਸ਼ਮੇਂ ਹਨ,
- ਜਾਦੂਈਆਂ ਸ਼ਕਤੀਆਂ ਹਨ,

- ਗ਼ੈਬੀ ਸਕਤੀਆਂ ਹਨ।
- ਨਹੀਂ ... ਨਹੀਂ।
- 'ਗੁਰਮੱਤ ਗਿਆਨ', ਗੁਰਬਾਣੀ ਗਿਆਨ, ਸਿੱਖ ਨੂੰ ਜਗਾਉਂਦਾ ਹੈ। ਬ੍ਰਾਹਮਣੀ ਕਰਮਕਾਂਡਾਂ ਦੀ ਦਲਦਲ ਵਿਚੋਂ ਕੱਢਦਾ ਹੈ। ਵਹਿਮਾਂ, ਭਰਮਾਂ, ਪਾਖੰਡਾਂ, ਕਰਮਕਾਂਡਾਂ, ਆਡੰਬਰਾਂ ਦੇ ਮੱਕੜ ਜਾਲ ਵਿਚੋਂ ਕੱਢਦਾ ਹੈ।

. ਇਹ ਸਾਡੇ 'ਗੁਰਮੱਤ ਗੁਰਬਾਣੀ ਗਿਆਨ' ਨੂੰ ਬਿੱਪਰ ਪੁਜਾਰੀ ਪਾਂਡੇ ਗਰੰਥੀ ਵਲੋਂ ਸਨਾਤਨ ਮੱਤ ਦੇ ਪੱਧਰ ਤੇ ਲਿਉਣ ਲਈ ਸਾਜਿਸ਼ ਹੈ। 'ਗੁਰਮੱਤ ਗਿਆਨ' ਨੂੰ ਨੀਵੇਂ ਪੱਧਰ ਤੇ ਲਿਆਂਦਾ ਜਾ ਰਿਹਾ ਹੈ।

. ਸੋਚਣਾ ਜਰੂਰ ਬਣਦਾ ਹੈ।

- ਸਨਾਤਨ ਮੱਤ ਵਿੱਚ ਜਿਸ ਤਰਾਂ ਉਹਨਾਂ ਦੀ ਦੇਵੀ ਦੇਵਤਿਆਂ ਦੇ ਨਾਲ ਕਰਾਮਾਤੀ ਕਥਾ ਕਹਾਣੀਆਂ ਪ੍ਰਚੱਲਤ ਹਨ, ਠੀਕ ਉਸੇ ਤਰਾਂ ਗੁਰੂ ਸਾਹਿਬਾਂ ਦੇ ਨਾਵਾਂ ਨਾਲ ਵੀ ਇਹ ਕਰਾਮਾਤੀ ਕਥਾ ਕਹਾਣੀਆਂ ਜੋੜ ਦਿੱਤੀਆਂ ਗਈਆਂ।
- ਬਿੱਪਰੀ ਸੋਚ ਦੇ ਮਾਲਿਕ ਸਿੱਖੀ ਭੇਖ ਵਿੱਚ ਲਿਖਾਰੀਆਂ ਵਲੋਂ ਲਿੱਖੇ ਗਰੰਥਾਂ ਵਿੱਚ ਇਹਨਾਂ ਕਰਾਮਾਤੀ/ਚਮਾਕਤਰੀ ਕਹਾਣੀਆਂ ਸਾਖੀਆਂ ਦੀ ਭਰਮਾਰ ਹੈ। ਕਵੀ ਸੰਤੋਖ ਸਿੰਘ ਦੀਆਂ ਲਿਖਤਾਂ ਕਰਕੇ ਹੀ ਸਿੱਖ ਸਮਾਜ ਵਿੱਚ ਇਹ ਚਮਤਕਾਰੀ/ਕਰਾਮਾਤੀ ਅੰਧ-ਵਿਸ਼ਵਾਸ ਦਾ ਰੁਝਾਨ ਵਧਿਆ ਹੈ।
- ਬਾਬੇ ਨਾਨਕ ਦੇ ਨਾਮ ਨਾਲ ਵੀ ਅਜੇਹੀਆਂ ਅਨੇਕਾਂ ਅੰਧ-ਵਿਸ਼ਵਾਸੀ ਕਹਾਣੀਆਂ ਦਾ ਜੋੜਨਾ ਕੀਤਾ ਗਿਆ। ਜਦੋਂ ਕਿ ਬਾਬੇ ਨਾਨਕ ਦੀ ਆਪਣੀ ਉਚਾਰੀ ਬਾਣੀ ਵਿੱਚ ਇਹਨਾਂ ਅੰਧ-ਵਿਸ਼ਵਾਸ਼ਾਂ ਦਾ ਖੰਡਨ ਕੀਤਾ ਗਿਆ ਹੈ। ਬਾਬਾ ਨਾਨਕ ਤਾਂ ਬਿੱਲਕੁਲ ਹੀ ਇਹਨਾਂ ਅੰਧ-ਵਿਸ਼ਵਾਸ਼ਾਂ ਨੂੰ ਨਕਾਰਦੇ ਸਨ।
- ਦੋ, ਚਾਰ, ਸੌ ਸਾਲ ਪਹਿਲਾਂ ਇਸ ਤਰਾਂ ਦੀ ਕਥਾਂ ਕਹਾਣੀਆਂ ਸਾਖੀਆਂ ਨੂੰ ਲੋਕ ਸੁਆਦ ਲੈ ਲੈ ਕੇ ਸੁਣਦੇ ਹੋਣਗੇ, ਪਰ ਅੱਜ ਦੇ ਸਾਇੰਸੀ ਯੁੱਗ ਵਿੱਚ ਇਹਨਾਂ ਕਥਾ-ਕਹਾਣੀਆਂ ਉੱਪਰ ਸੁਆਲ ਖੜੇ ਹੋ ਰਹੇ ਹਨ। ਸਾਨੂੰ ਆਪਣੇ ਬੱਚਿਆਂ ਨੂੰ ਉਹਨਾਂ ਦੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ, ਕਿ ਕੀ ਇਸ ਤਰਾਂ ਹੋ ਸਕਦਾ ਹੈ।
- ਕੀ ਵਾਕਈ ਇਸ ਤਰਾਂ ਹੋਇਆ, ਜਿਸ ਤਰਾਂ ਇਹਨਾਂ ਸਾਖੀਆਂ, ਕਥਾ-ਕਹਾਣੀਆਂ ਵਿੱਚ ਸੁਣਾਇਆ ਜਾ ਰਿਹਾ ਹੈ।
- ਬਾਬੇ ਨਾਨਕ ਦੇ ਨਾਮ ਨਾਲ ਜੁੜੀਆਂ ਕਥਾ ਕਹਾਣੀਆਂ ਸਾਖੀਆਂ, ਤਸਵੀਰਾਂ ਰਾਂਹੀ ਵੇਖ ਸਕਦੇ ਹੋ। ਜਰੂਰ ਸੋਚਣਾ ਕੀ ਅਸਲੀਅਤ ਵਿੱਚ ਅਜੇਹਾ ਹੋ ਸਕਦਾ ਹੈ? ? ?
- ਸੱਪ ਦਾ ਛਾਂ ਕਰਨਾ, ਪਸ਼ੂਆਂ ਦੁਆਰਾ ਖਾਧੀਆਂ ਪੈਲੀਆਂ ਦਾ ਫਟਾਫੱਟ ਉਸੇ ਤਰਾਂ ਹਰਾਭਰਾ ਹੋ ਜਾਣਾ, ਪਹਾੜ ਤੋਂ ਰੁੜ੍ਹੇ ਆ ਰਹੇ ਪੱਥਰ ਨੂੰ ਹੱਥ ਨਾਲ ਰੋਕ ਦੇਣਾ, ਮਨੁੱਖੀ ਸਰੀਰਿਕ ਹੱਥ ਦਾ ਪੱਥਰ ਵਿੱਚ ਧੱਸ ਜਾਣਾ, ਲੇਹ ਲਦਾਖ਼ ਵਿੱਚ ਬਾਬੇ ਨਾਨਕ ਦੇ ਸਰੀਰ ਦਾ ਆਕਾਰ ਪਿਘਲੇ ਪੱਥਰ ਬਣ ਗਿਆ।

    

. ਦੂਜੇ ਗੁਰੂ ਸਾਹਿਬ ਜੀ ਦੇ ਪੈਰ ਦੇ ਅਗੂੰਠੇ ਉੱਪਰ ਕੋਹੜ ਦਾ ਰੋਗ ਸੀ।

. ਤੀਜੇ ਗੁਰੂ ਸਾਹਿਬ ਜੀ ਨੇ ਕਿਸੇ ਨੂੰ ਕਮਲੀ ਕਹਿ ਦਿੱਤਾ, ਉਹ ਔਰੱ ਕਮਲੀ ਹੋ ਗਈ।

. ਚੌਥੇ ਗੁਰੂ ਸਾਹਿਬ ਨੇ ਬੀਬੀ ਰਜਨੀ ਦੇ ਕੋਹੜੀ ਪਤੀ ਨੂੰ ਠੀਕ ਕੀਤਾ।

. ਪੰਜਵੇਂ ਗੁਰੂ ਸਾਹਿਬ ਜੀ ਦਾ ਪੁੱਤਰ ਵਰਦਾਨ ਨਾਲ ਪੈਦਾ ਹੋ ਰਿਹਾ ਹੈ।

. ਛੇਵੇਂ ਗੁਰੂ ਸਾਹਿਬ ਕਿਸੇ ਬੀਬੀ ਸੁੰਦਰੀ ਨੂੰ ਇੱਕ ਪੁੱਤਰ ਦੀ ਦਾਤ ਬਾਰੇ ਲਿਖ ਕੇ ਦੇ ਰਹੇ ਸਨ, ਘੋੜੇ ਨੇ ਪੈਰ ਹਿਲਾ ਦਿੱਤਾ ਤਾਂ 1 ਦਾ 7 ਬਣ ਗਿਆ।

. . ਸੱਤਵੇਂ ਗੁਰੂ ਸਾਹਿਬ ਬਾਰੇ ਕਰਾਮਾਤੀ ਕਿੱਸੇ ਨਹੀਂ ਹਨ।

. ਅੱਠਵੇਂ ਗੁਰੂ ਸਾਹਿਬ ਬਾਰੇ ਵੀ ਪ੍ਰਚੱਲਤ ਹੈ, ਕਿ ਗੂੰਗੇ-ਬਹਿਰੇ, ਅਨਪੜ੍ਹ-ਅਗਿਆਨੀ ਕੋਲੋਂ ਗੀਤਾ ਦੇ ਅਰਥ ਕਰਵਾਏ ਸਨ।

. ਨੌਵੇਂ ਗੁਰੂ ਸਾਹਿਬ ਬਾਰੇ ਪ੍ਰਚੱਲਤ ਹੈ, ਕਿ ਉਹ 28 ਸਾਲ ਜ਼ਮੀਨ ਵਿੱਚ ਭੋਰਾ ਪੁੱਟ ਕੇ ਅੰਦਰ ਹੀ ਬੈਠੇ ਰਹੇ। (ਇਤਿਹਾਸ ਅਨੁਸਾਰ ਔਰੰਗਜ਼ੇਬ ਨੇ ਨੌਵੇ ਗੁਰੂ ਅੱਗੇ ਤਿੰਨ ਸ਼ਰਤਾਂ ਰੱਖੀਆਂ ਸਨ, 1. ਕੋਈ ਕਰਾਮਾਤ ਵਿਖਾਉ। 2. ਇਸਲਾਮ ਕਬੂਲ ਕਰੋ। 3. ਮੌਤ। ਗੁਰੂ ਸਾਹਿਬ ਨੇ ਮੌਤ ਕਬੂਲ ਕੀਤੀ।)

. ਦੱਸਵੇਂ ਗੁਰੂ ਬਾਰੇ ਪ੍ਰਚੱਲਤ ਹੈ, ਕਿ ਉਹਨਾਂ ਨੇ 5 ਮਨੁੱਖਾਂ ਦੇ ਸਿਰ ਵੱਢਕੇ ਦੁਬਾਰਾ ਜੋੜ ਦਿੱਤੇ।

. ਆਪਣੀ! ਸਿਆਣਪ, ਅਕਲ, ਮੱਤ, ਬਿਬੇਕ-ਬੁੱਧ ਦੂਰ ਅੰਦੇਸ਼ਤਾ ਨੂੰ ਵਰਤਦੇ ਜਰੂਰ ਡੂੰਗੇ ਜਾ ਕੇ ਸੋਚਣਾ, ਕੀ ਇਹ ਅਜੇਹੀਆਂ ਗਪੌੜ ਕਥਾ ਕਹਾਣੀਆਂ ਬਣਾਕੇ ਅਸੀਂ ਆਪਣੇ ਗੁਰੂ ਸਹਿਬਾਂ ਦਾ ਅਪਮਾਨ ਨਹੀਂ ਕਰ ਰਹੇ? ? ਉਹਨਾਂ ਦੇ ਅਸੂਲ਼ਾਂ-ਸਿਧਾਂਤਾਂ ਦਾ ਕੱਦ ਛੋਟਾ ਨਹੀਂ ਕਰ ਰਹੇ? ?

. ਕੀ! ! ! ਕਾਲੇ ਕਾਂ ਚਿੱਟੇ ਹੋ ਸਕਦੇ ਹਨ? ? ? 

. ਕੁੱਦਰਤੀ ਵਿਧੀ-ਵਿਧਾਨ ਦੇ ਅਨੁਸਾਰ/ਤਹਿਤ ਤਾਂ ਬਿੱਲਕੁੱਲ ਵੀ ਨਹੀਂ। . ਪਰ ... ਮਨੁੱਖ ਵਲੋਂ ਬਣਾਈਆਂ ਕਥਾ-ਕਹਾਣੀਆਂ ਵਿੱਚ ਐਸਾ ਕਰ ਦਿਖਾਇਆ ਹੈ। ਐਸਾ ਹੋ ਸਕਦਾ ਹੈ। ਐਸੀਆਂ ਨਾ-ਵਿਸ਼ਵਾਸ ਕਰਨ ਵਾਲੀਆਂ ਕਥਾਂ ਕਹਾਣੀਆਂ ਸਾਖੀਆਂ ਸਾਡੇ ਮਨੁੱਖਾ ਸਮਾਜ ਵਿੱਚ ਬਹੁਤ ਹੀ ਪ੍ਰਚੱਲਤ ਹਨ। ਲੋਕ ਵਿਸ਼ਵਾਸ ਵੀ ਕਰ ਰਹੇ ਹਨ। ਸਨਾਤਨ ਮੱਤ ਵਿੱਚ ਤਾਂ ਅਜੇਹੀਆਂ ਸਾਖੀਆਂ-ਕਹਾਣੀਆਂ ਨਾਲ ਭਰਿਆ ਪਿਆ ਹੈ। ਸਾਡੇ ਸਿੱਖ ਸਮਾਜ ਵਿੱਚ ਵੀ ਸਾਡੇ ਗੁਰੂ ਸਾਹਿਬਾਂ ਨਾਲ ਅਜੇਹੀਆਂ ਰੌਚਕ ਕਥਾ ਕਹਾਣੀਆਂ ਜੋੜ ਦਿੱਤੀਆਂ ਗਈਆਂ ਹਨ।

. . ਸਾਖੀ ਬੀਬੀ ਰਜਨੀ ਅਤੇ ਪਿੰਗਲੇ ਦੇ ਬਾਰੇ ਸਾਰੇ ਜਾਣਦੇ ਹਨ। ਸਾਰਿਆਂ ਨੇ ਇਹ ਸਾਖੀ ਸਿੱਖ ਸਮਾਜ ਦੇ ਮੰਨੇ-ਪ੍ਰਮੰਨੇ ਕਥਾ ਵਾਚਕਾਂ ਪਾਸੋਂ ਬਹੁਤ ਵਾਰੀ ਸੁਣੀ ਹੋਵੇਗੀ, ਅਤੇ ਉਹਨਾਂ ਨੇ ਵੀ ਬੜਾ ਮਸਾਲਾ ਲਾ-ਲਾ ਕੇ ਇਹ ਸਾਖੀ ਲੋਕਾਂ ਨੂੰ ਸੁਣਾਈ ਹੋਵੇਗੀ।

. ਸ਼ਰਧਾ ਭਾਵਨਾ ਦੇ ਡਰ ਕਰਕੇ, ਕਦੇ ਅੱਜ ਤੱਕ ਕਿਸੇ ਸਿੱਖ ਨੇ ਸਵਾਲ ਨਹੀਂ ਕੀਤਾ, ਕਦੇ ਕਿਸੇ ਦਾ ਹੀਆਂ ਨਹੀਂ ਪਿਆ, ਕਿ ਪੁੱਛ ਸਕੇ … ਕਿ 'ਕਾਲੇ ਕਾਂ', 'ਚਿੱਟੇ ਕਾਂ' ਕਿਸ ਤਰਾਂ ਬਣ ਸਕਦੇ ਹਨ. . ? ?

. ਸਿੱਖ ਸੰਗਤਾਂ 'ਬਾਹਿਗੁਰੂ ਬਾਹਿਗੁਰੂ' ਕਰਦੀਆਂ ਧੰਨ ਧੰਨ ਗੁਰੂ ਰਾਮਦਾਸ ਜੀ ਕਰਦੀਆਂ ਧਾਰਨਾਵਾਂ ਪੜ੍ਹੀ ਜਾਂਦੀਆਂ ਹਨ। . {{{ਇਥੇ ਸਵਾਲ 'ਗੁਰਮੱਤ' ਬਾਰੇ ਨਹੀਂ ਬਲਕਿ ਉਸ ਝੂਠੀ ਕਹਾਣੀ ਦੇ ਪ੍ਰਚਾਰ-ਪ੍ਰਸਾਰ ਬਾਰੇ ਹੈ। ਜਿਸ ਨੂੰ ਗੁਰੂ ਸਾਹਿਬ ਜੀ ਦੇ ਨਾਮ ਨਾਲ ਜੋੜ ਕੇ ਪ੍ਰਚੱਲਤ ਕੀਤਾ ਗਿਆ, ਕੀਤਾ ਜਾ ਰਿਹਾ ਹੈ। * ਗੁਰੂ ਰਾਮਦਾਸ ਜੀ ਦਾ ਨਾਮ ਵਰਤ ਕੇ ਸਾਖੀ ਨੂੰ ਪ੍ਰਮਾਣਿਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਗੁਰੂ ਰਾਮਦਾਸੁ ਸਾਹਿਬ ਜੀ ਨੇ ਆਪਣੀ ਉਚਾਰੀ ਬਾਣੀ ਵਿੱਚ ਕਿਧਰੇ ਵੀ ਇਸ ਛੱਪੜੀ ਅਤੇ ਬੀਬੀ ਰਜਨੀ ਦਾ ਜ਼ਿਕਰ ਨਹੀਂ ਕੀਤਾ। ਅਗਰ ਗੁਰੂ ਸਾਹਿਬ ਜੀ ਪਰਤੱਖ ਹਾਜ਼ਰ ਸਨ, ਤਾਂ ਜਰੂਰ ਉਸ ਦੁੱਖਭੰਜਨੀ ਬੇਰੀ ਦਾ ਜ਼ਿਕਰ ਕਰਦੇ, ਉਸ ਬਾ-ਕਮਾਲ ਪਾਣੀ ਅਤੇ ਛੱਪੜੀ ਦਾ ਜ਼ਿਕਰ ਤਾਂ ਜਰੂਰ ਹੀ ਕਰਦੇ। ਜਦ ਕੇ ਐਸਾ ਨਹੀਂ ਹੈ।

**. ਨਾ! ! ਤਾਂ ਪਾਣੀ ਵਿੱਚ ਟੁੱਬੀ ਮਾਰਨ ਨਾਲ ਕਾਲੇ ਕਾਂ ਚਿੱਟੇ ਹੋ ਸਕਦੇ ਹਨ। ਨਾ ਹੀ ਹੋਏ ਹਨ ਅਤੇ ਨਾ ਹੀ ਕਦੇ ਭਵਿੱਖ ਵਿੱਚ ਇਹ ਕਾਲੇ ਕਾਂ ਚਿੱਟੇ ਹੋਣਗੇ।**

**. ਨਾ ਹੀ! ! ਉਸ ਦੁੱਖ-ਭੰਜਨੀ ਬੇਰੀ ਥੱਲੇ ਕਿਸੇ ਕੋਹੜੀ ਦਾ ਰੋਗ ਦੂਰ ਹੋ ਸਕਦਾ ਹੈ।}}}**

. ਇਹ ਸੱਭ ਸ਼ਰਧਾ ਵੱਸ ਹੋ ਕੇ ਵੱਧਾ ਚੜ੍ਹਾ ਕੇ ਲਿਖੀਆਂ ਕਥਾ-ਕਹਾਣੀਆਂ ਹਨ। ਜੋ ਵਾਸਵਿਕਤਾ/ਸੱਚਾਈ ਤੋਂ ਬਹੁਤ ਦੂਰ ਹਨ। ਅੰਧ-ਵਿਸ਼ਵਾਸੀ ਲੋਕ ਅੱਜ ਵੀ ਇਹਨਾਂ ਕਥਾ ਕਹਾਣੀਆਂ ਨੂੰ ਮਾਨਤਾ ਦਿੰਦੇ ਹਨ।






**. ਦੁੱਖ ਭੰਜਨੀ ਬੇਰੀ ਦੀ ਮਸ਼ਹੂਰੀ ਵਿੱਚ ਸਿੱਖ ਸਮਾਜ ਵਿੱਚ ਹੈ। ਲੱਖਾਂ ਹੀ ਲੋਕ ਆਪਣੇ ਅੰਧ-ਵਿਸ਼ਵਾਸ ਕਰਕੇ ਉਥੇ ਆ ਕੇ ਨਹਾਉਂਦੇ ਹਨ। ਬੀਬੀਆਂ ਤਾਂ ਖਾਸਕਰ ਕੇ ਇਸ ਵਿੱਚ ਵੱਧ ਹਿੱਸਾ ਲੈਂਦੀਆਂ ਹਨ।**

 

. ਵਾਸੂ ਭਰਦਵਾਜ, ਗੁਜਰਾਤ ਤੋਂ ਆਇਆ ਕੈਂਸਰ ਤੋਂ ਪੀੜਤ ਵਿਅਕਤੀ ਸੀ। ਸੰਤ ਸਿੰਘ ਮਸਕੀਨ ਦੇ ਸਹਿਯੋਗ ਨਾਲ ਉਸਨੇ ਘੋਸ਼ਿਤ ਕੀਤਾ ਕਿ ਦਰਬਾਰ ਸਾਹਿਬ ਆ ਕੇ ਉਸਦੀ ਕੈਂਸਰ ਠੀਕ ਹੋ ਗਈ। ਦੋ ਸਾਲ ਬਾਦ ਵਾਸੂ ਭਰਦਵਾਜ ਕੈਂਸਰ ਨਾਲ ਹੀ ਮਰ ਗਿਆ।

. ਇਸ ਕਰਾਮਾਤੀ ਅਫਵਾਹ/ਘੋਸ਼ਨਾ ਦਾ ਪ੍ਰਚਾਰ-ਪ੍ਰਸਾਰ ਬਹੁਤ ਜ਼ੋਰ-ਸ਼ੋਰ ਨਾਲ ਕੀਤਾ ਗਿਆ ਸੀ। ਵਾਸੂ ਭਰਦਵਾਜ਼ ਦੇ ਕੈਂਸਰ ਨਾਲ ਮਰਨ ਦੀ ਖ਼ਬਰ ਨੂੰ ਨਹੀਂ ਪ੍ਰਸਾਰਿਆ ਗਿਆ।

. ਕਿਉ? ?

. . ਇਸ ਤਰਾਂ ਦੀਆਂ ਬਹੁਤ ਕਰਾਮਾਤੀ/ਚਮਤਕਾਰੀ ਅਫਵਾਹਾਂ ਗਾਹੇ ਬਗਾਹੇ ਦਰਬਾਰ ਸਾਹਿਬ ਬਾਰੇ ਫੈਲਾਈਆਂ ਜਾਂਦੀਆਂ ਹਨ।

- ਕਿਸੇ ਦੀਆਂ ਅੱਖਾਂ ਠੀਕ ਹੋ ਗਈਆਂ।
- ਕਿਸੇ ਦੀ ਆਵਾਜ਼ ਵਾਪਸ ਆ ਗਈ।
- ਕਿਸੇ ਦੀਆਂ ਲੱਤਾਂ ਠੀਕ ਹੋ ਗਈਆਂ।
- ਕਿਸੇ ਦਾ ਕੈਂਸਰ ਠੀਕ ਹੋ ਗਿਆ।
- ਅਨੇਕਾਂ ਹੀ ਘਟਨਾਵਾਂ ਦਾ ਜ਼ਿਕਰ ਆਸਿਉਂ ਪਾਸਿਉਂ ਸੁਣਿਆ ਜਾ ਸਕਦਾ ਹੈ।

## Vasu Bhardwaj video

https://www.youtube.com/watch?v=Mpx5HRFERQg



** ਉਥੇ ਅਜੇਹਾ ਕੁੱਝ ਵੀ ਨਹੀਂ ਵਾਪਰਦਾ। ਉੱਥੋਂ ਗਿਆਨ, ਬਿਬੇਕ-ਬੁੱਧ, ਅਕਲ, ਮੱਤ ਲੈ ਕੇ ਤੁਸੀਂ ਇੱਕ ਚੰਗੇ ਇਨਸਾਨ/ਮਨੁੱਖ ਬਣ ਸਕਦੇ ਹੋ।

. ਸਰੀਰਿੱਕ ਬੀਮਾਰੀਆਂ ਦੇ ਇਲਾਜ ਲਈ ਸਰੀਰਿੱਕ ਡਾਕਟਰ ਹਨ। ਸਰੀਰਿੱਕ ਬੀਮਾਰੀਆਂ ਦੇ ਇਲਾਜ਼ ਤੁਹਾਨੂੰ ਕਰਵਾਉਣੇ ਹੀ ਪੈਣੇ ਹਨ।

. ਆਪਣੇ ਆਪ ਨੂੰ 'ਗੁਰਮੱਤ-ਗਿਆਨ' ਦੇ ਅਨੁਸਾਰੀ ਢਾਲਣਾ ਕਰੋਗੇ, ਬਨਾਉਣਾ ਕਰੋਗੇ ਤਾਂ ਸਰੀਰਿੱਕ ਬੀਮਾਰੀਆਂ ਤੋਂ ਬਚਾਅ ਹੋ ਸਕਦਾ ਹੈ।

.'ਗੁਰਬਾਣੀ-ਗਿਆਨ' ਤੁਹਾਨੂੰ, ਤੁਹਾਡੀ ਅਗਿਆਨਤਾ ਵਿਚੋਂ ਕੱਢਦਾ ਹੈ,

. ਤੁਹਾਨੂੰ, ਤੁਹਾਡੀ ਜ਼ਮੀਰ ਨੂੰ ਜਗਾਉਂਦਾ ਹੈ,

. ਤੁਹਾਡਾ ਅਵੇਸਲਾਪਣ/ਸੁਸਤੀ ਦੂਰ ਕਰਨ ਲਈ ਤੁਹਾਡੇ ਮੂੰਹ ਉੱਪਰ 'ਗਿਆਨ' ਰੂਪੀ ਪਾਣੀ ਦੇ ਛਿੱਟੇ ਮਾਰਦਾ ਹੈ।

. ਤੁਹਾਨੂੰ ਆਪਣੀਆਂ ਪਰੀਵਾਰਕ ਜ਼ਿੰਮੇਂਵਾਰੀਆਂ ਨੂੰ ਨਿਭਾਉਣ ਦੀ ਸੋਝੀ ਦਿੰਦਾ ਹੈ।

. ਤੁਹਾਨੂੰ ਆਪਣੀ ਚਾਦਰ ਦੇ ਅਨੁਸਾਰੀ, ਹੈਸੀਅਤ ਦੇ ਅਨੁਸਾਰੀ ਮਨੁੱਖਾ ਜੀਵਨ ਜਿਉਂਣ ਦੀ ਜਾਂਚ ਸਿਖਾਉਂਦਾ ਹੈ।

. ਤੁਹਾਨੂੰ, ਤੁਹਾਡੇ ਸੁਭਾਓ ਨੂੰ ਮਿੱਠ-ਬੋਲੜਾ, ਮਿਲਾਪੜਾ, ਸਬਰ, ਸੰਤੋਖ, ਹਲੀਮੀ, ਹੱਕ-ਸੱਚ ਦੀ ਆਵਾਜ਼ ਬੁਲੰਦ ਕਰਨ ਵਾਲ, ਪਰ-ਉਪਕਾਰੀ ਬਣਾਉਂਦਾ ਹੈ।

. ਦਰਬਾਰ ਸਾਹਿਬ ਵਿੱਚ ਜਾ ਕੇ ਉਥੋਂ ਦਾ 'ਗੁਰਬਾਣੀ-ਗਿਆਨ' ਤੁਹਾਨੂੰ ਹਰ ਤਰਾਂ ਦੇ ਵਹਿਮ, ਭਰਮ, ਪਾਖੰਡ, ਕਰਮਕਾਂਡ, ਆਡੰਬਰ, ਕਰਾਮਾਤ, ਚਮਤਕਾਰ, ਗ਼ੈਬੀ-ਸ਼ਕਤੀਆਂ ਦੇ ਭਰਮ-ਜਾਲ ਵਿਚੋਂ ਕੱਢਦਾ ਹੈ।

. ਦਰਬਾਰ ਸਾਹਿਬ ਦੇ ਸਰੋਵਰ ਦਾ ਪਾਣੀ ਅੰਮ੍ਰਿਤ ਨਹੀਂ ਹੈ। ਇਹ ਸਾਡਾ ਕੋਰਾ ਵਹਿਮ ਹੈ। ਪਾਣੀ ਸਮੇਂ ਦੇ ਅਨੁਸਾਰੀ ਲੋੜ ਪੂਰੀ ਕਰਦਾ ਸੀ। ਅੱਜ ਬਰਾਬਰਤਾ ਦਾ ਸੁਨੇਹਾ ਦੇ ਰਿਹਾ ਹੈ। ਪਾਣੀ ਕਰਕੇ ਆਸੇ ਪਾਸੇ ਦਾ ਤਾਪਮਾਨ ਠੰਡਾ ਰਹਿੰਦਾ ਹੈ।

."ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ" ਮ3॥ 118॥

(. . . . . . . . ਚੱਲਦਾ)

ਇੰਜ ਦਰਸ਼ਨ ਸਿੰਘ ਅਸਟਰੇਲੀਆ

17 ਅਗਸਤ 2019